PUNJABI

# ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ ਲੌਸ ਏਂਜਲਸ

## ਖੋਜ ਵਿੱਚ ਹਿੱਸਾ ਲੈਣ ਵਾਲਿਆਂ ਦੇ

## ਅਧਿਕਾਰਾਂ ਦਾ ਖਰੜਾ

ਇਹ ਅਧਿਕਾਰ ਉਸ ਹਰ ਇੱਕ ਵਿਅਕਤੀ ਦੇ ਅਧਿਕਾਰ ਹਨ ਜਿਸ ਨੂੰ ਕਿਸੇ ਮੈਡੀਕਲ ਖੋਜ ਅਧਿਐਨ ਵਿੱਚ ਹਿੱਸਾ ਲੈਣ ਲਈ ਕਿਹਾ ਜਾਂਦਾ ਹੈ। ਖੋਜ ਵਿੱਚ ਹਿੱਸਾ ਵਾਲੇ ਵਿਅਕਤੀ ਦੇ ਰੂਪ ਵਿੱਚ, ਮੇਰੇ ਕੋਲ ਹੇਠਾਂ ਲਿਖੇ ਅਧਿਕਾਰ ਹਨ:

1. ਮੈਨੂੰ ਇਹ ਦੱਸੇ ਜਾਣ ਦਾ ਅਧਿਕਾਰ ਹੈ ਕਿ ਖੋਜ ਕੀ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ।

2. ਮੈਨੂੰ ਖੋਜ ਦੀਆਂ ਸਾਰੀਆਂ ਪ੍ਰਕਿਰਿਆਵਾਂ, ਦਵਾਈਆਂ ਅਤੇ/ਜਾਂ ਉਪਕਰਨਾਂ ਬਾਰੇ ਅਤੇ ਇਸ ਬਾਰੇ ਦੱਸੇ ਜਾਣ ਦਾ ਅਧਿਕਾਰ ਹੈ ਕਿ ਕੀ ਇਹਨਾਂ ਵਿੱਚੋਂ ਕੋਈ ਚੀਜ਼ ਉਹਨਾਂ ਨਾਲੋਂ ਵੱਖਰੀ ਹੈ ਜਿਨ੍ਹਾਂ ਦੀ ਵਰਤੋਂ ਆਮ ਤੌਰ 'ਤੇ ਕੀਤੀ ਜਾਵੇਗੀ।

3. ਮੈਨੂੰ ਕਿਸੇ ਖਤਰਿਆਂ, ਬੇਆਰਾਮੀਆਂ ਜਾਂ ਮਾੜੇ ਪ੍ਰਭਾਵਾਂ ਬਾਰੇ ਦੱਸੇ ਜਾਣ ਦਾ ਅਧਿਕਾਰ ਹੈ ਜੋ ਕਿ ਖੋਜ ਦੇ ਹਿੱਸੇ ਵਜੋਂ ਉਚਿਤ ਤੌਰ 'ਤੇ ਪੈਦਾ ਹੋ ਸਕਦੇ ਹਨ।

4. ਮੈਨੂੰ ਉਹਨਾਂ ਕਿਸੇ ਵੀ ਫ਼ਾਇਦਿਆਂ ਬਾਰੇ ਦੱਸੇ ਜਾਣ ਦਾ ਅਧਿਕਾਰ ਹੈ, ਜੋ ਕਿ ਮੈਂ ਉਚਿਤ ਤੌਰ 'ਤੇ ਹਿੱਸਾ ਲੈਣ ਕਰਕੇ ਮਿਲਣ ਦੀ ਉਮੀਦ ਕਰ ਸਕਦਾ/ਸਕਦੀ ਹਾਂ।

5. ਮੈਨੂੰ ਮੇਰੇ ਕੋਲ ਮੌਜੂਦ ਦੂਜੀਆਂ ਚੋਣਾਂ ਬਾਰੇ ਅਤੇ ਇਸ ਬਾਰੇ ਦੱਸੇ ਜਾਣ ਦਾ ਅਧਿਕਾਰ ਹੈ ਕਿ ਇਹ, ਖੋਜ ਵਿੱਚ ਹਿੱਸਾ ਲੈਣ ਨਾਲੋਂ ਕਿਵੇਂ ਬਿਹਤਰ ਜਾਂ ਬਦਤਰ ਹੋ ਸਕਦੀਆਂ ਹਨ। ਇਹਨਾਂ ਚੋਣਾਂ ਵਿੱਚ ਹੋਰ ਪ੍ਰਕਿਰਿਆਵਾਂ, ਦਵਾਈਆਂ ਜਾਂ ਉਪਕਰਨ ਸ਼ਾਮਲ ਹੋ ਸਕਦੇ ਹਨ।

6. ਮੈਨੂੰ ਇਹ ਦੱਸੇ ਜਾਣ ਦਾ ਅਧਿਕਾਰ ਹੈ ਕਿ ਜੇ ਖੋਜ ਦੇ ਕਾਰਨ ਕੋਈ ਜਟਿਲਤਾਵਾਂ ਪੈਦਾ ਹੁੰਦੀਆਂ ਹਨ ਤਾਂ ਕਿਸ ਤਰ੍ਹਾਂ ਦਾ ਇਲਾਜ ਉਪਲਬਧ ਹੋਵੇਗਾ।

7. ਮੈਨੂੰ ਖੋਜ ਜਾਂ ਪ੍ਰਕਿਰਿਆ ਬਾਰੇ ਪ੍ਰਸ਼ਨ ਪੁੱਛਣ ਦੇ ਮੌਕੇ ਮਿਲਣ ਦਾ ਅਧਿਕਾਰ ਹੈ। ਮੈਂ ਇਹ ਪ੍ਰਸ਼ਨ ਖੋਜ ਦੇ ਸ਼ੁਰੂ ਹੋਣ ਤੋਂ ਪਹਿਲਾਂ ਜਾਂ ਖੋਜ ਦੇ ਦੌਰਾਨ ਕਿਸੇ ਵੀ ਸਮੇਂ ਪੁੱਛ ਸਕਦਾ/ਸਕਦੀ ਹਾਂ।

8. ਮੈਨੂੰ ਖੋਜ ਦਾ ਹਿੱਸਾ ਬਣਨ ਤੋਂ ਨਾਂਹ ਕਰਨ ਦਾ ਜਾਂ ਕਿਸੇ ਵੀ ਸਮੇਂ ਇਸਨੂੰ ਬੰਦ ਕਰਨ ਦਾ ਅਧਿਕਾਰ ਹੈ। ਇਸ ਫ਼ੈਸਲੇ ਨਾਲ ਮੇਰੀ ਦੇਖਭਾਲ ਜਾਂ ਮੇਰੇ ਡਾਕਟਰ ਜਾਂ ਇਸ ਸੰਸਥਾ ਨਾਲ ਮੇਰੇ ਸੰਬੰਧ 'ਤੇ ਕਿਸੇ ਵੀ ਹੋਰ ਤਰ੍ਹਾਂ ਨਾਲ ਕੋਈ ਪ੍ਰਭਾਵ ਨਹੀਂ ਪਵੇਗਾ।

9. ਮੈਨੂੰ ਖੋਜ ਲਈ ਦਸਤਖਤ ਕੀਤੀ ਗਈ ਅਤੇ ਤਾਰੀਖ਼ ਪਾਈ ਗਈ ਲਿਖਤੀ ਸਹਿਮਤੀ ਦੀ ਕਾਪੀ ਪ੍ਰਾਪਤ ਕਰਨ ਦਾ ਅਧਿਕਾਰ ਹੈ।

10. ਮੈਨੂੰ ਇਸ ਬਾਰੇ ਫ਼ੈਸਲਾ ਲੈਂਦੇ ਸਮੇਂ ਕਿ ਕੀ ਮੈਂ ਖੋਜ ਅਧਿਐਨ ਵਿੱਚ ਹਿੱਸਾ ਲੈਣਾ ਚਾਹੁੰਦਾ/ਚਾਹੁੰਦੀ ਹਾਂ, ਕਿਸੇ ਵੀ ਦਬਾਅ ਤੋਂ ਮੁਕਤ ਹੋਣ ਦਾ ਅਧਿਕਾਰ ਹੈ।

---

ਜੇ ਮੇਰੇ ਕੋਈ ਪ੍ਰਸ਼ਨ ਜਾਂ ਚਿੰਤਾਵਾਂ ਹੋਣ ਤਾਂ ਮੈਂ ਖੋਜਕਰਤਾ ਜਾਂ ਖੋਜ ਸਹਾਇਕ ਨੂੰ ਪੁੱਛ ਸਕਦਾ/ਸਕਦੀ ਹਾਂ। ਮੈਂ ਆਫ਼ਿਸ ਫ਼ਾਰ ਦਿ ਪ੍ਰੋਟੈਕਸ਼ਨ ਆਫ਼ ਖੋਜ ਸਬਜੈਕਟਸ (OHRPP) ਨਾਲ ਵੀ ਸੰਪਰਕ ਕਰ ਸਕਦਾ/ਸਕਦੀ ਹਾਂ, ਜੋ ਖੋਜ ਅਧਿਐਨ ਵਿੱਚ ਹਿੱਸਾ ਲੈਣ ਵਾਲਿਆਂ ਦੀ ਰੱਖਿਆ ਕਰਨ ਵਿੱਚ ਮਦਦ ਕਰਦਾ ਹੈ। ਮੈਂ OHRPP ਨਾਲ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਤੋਂ ਰਾਤ 5:00 ਵਜੇ ਤਕ 310-825-8714, participants@research.ucla.edu 'ਤੇ ਫ਼ੋਨ ਕਰਕੇ ਸੰਪਰਕ ਕਰ ਸਕਦਾ/ਸਕਦੀ ਹਾਂ। ਜੇ ਮੈਂ ਇਸ ਆਫ਼ਿਸ ਨੂੰ ਫ਼ੋਨ ਕਰਦਾ ਹਾਂ ਅਤੇ ਅੰਗ੍ਰੇਜ਼ੀ ਜਾਂ ਸਪੈਨਿਸ਼ ਨਹੀਂ ਬੋਲਦਾ ਹਾਂ, ਤਾਂ ਮੇਰੇ ਲਈ ਅਨੁਵਾਦ ਕਰਨ ਵਾਸਤੇ ਕੋਈ ਵਿਅਕਤੀ ਉਪਲਬਧ ਹੋਵੇਗਾ। ਮੈਂ ਇਸ ਪਤੇ 'ਤੇ ਚਿੱਠੀ ਵੀ ਲਿਖ ਸਕਦਾ/ਸਕਦੀ ਹਾਂ: OHRPP, 10889 Wilshire Blvd., Suite 830, Los Angeles, CA 90095-1406.

05/2021